## ਕੋਵਿਡ-19 ਦੌਰਾਨ ਫੰਡ ਲੱਭਣ ਬਾਰੇ ਸੁਝਾਅ, ਅਨੈਤਿਕ (**predatory**) ਰਿਣ ਤੋਂ ਪਰਹੇਜ਼ ਕਰਨਾ

ਪੂੰਜੀ ਦੇ ਬਾਹਰੀ ਸਰੋਤਾਂ ਦੀ ਭਾਲ ਕਰਦਿਆਂ, ਇਹ ਜਾਣਨਾ ਮਹੱਤਵਪੂਰਨ ਹੈ ਕਿ ਅਨੈਤਿਕ (predatory) ਰਿਣਦਾਤਾ ਤੋਂ ਬਚਣ ਵਾਸਤੇ ਅਤੇ ਵਿੱਤੀ ਸ਼ਰਤਾਂ ਲਈ ਕੀ ਦੇਖਣਾ ਹੈ। ਹਾਲਾਂਕਿ ਬਹੁਤ ਸਾਰੇ ਰਿਣਦਾਤਾ ਇਸ ਸਮੇਂ ਸੰਘਰਸ਼ਸ਼ੀਲ ਛੋਟੇ ਕਾਰੋਬਾਰਾਂ ਦੀ ਸੇਵਾ ਕਰਨਾ ਚਾਹੁੰਦੇ ਹਨ, ਪਰ ਫੈਡਰਲ ਸਰਕਾਰ ਦੁਆਰਾ ਸਾਰੇ ਕਿਸਮ ਦੇ ਛੋਟੇ ਕਾਰੋਬਾਰੀ ਦੀ ਵਿੱਤੀ ਸਹਾਇਤਾ ਨੂੰ ਨਿਯਮਿਤ ਨਹੀਂ ਕੀਤਾ ਜਾ ਸਕਦਾ ਹੈ ਅਤੇ ਕੁਝ ਮਾੜੇ ਐਕਟਰ ਉਧਾਰ ਲੈਣ ਦੀ ਸਖ਼ਤ ਜ਼ਰੂਰਤ ਵਾਲੇ ਛੋਟੇ ਕਾਰੋਬਾਰਾਂ ਦਾ ਨਾਜਾਇਜ਼ ਲਾਭ ਲੈਣ ਲਈ ਇਸਦਾ ਫਾਇਦਾ ਚੁੱਕ ਸਕਦੇ ਹਨ। ਕੁਝ ਐਕਟਰ ਛੋਟੇ ਕਾਰੋਬਾਰਾਂ ਦੇ ਮਾਲਕਾਂ ਨੂੰ ਸਰਕਾਰੀ ਰਾਹਤ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਦੀ ਯੋਜਨਾ ਬਣਾ ਕੇ ਘੁਟਾਲੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਇਲਾਵਾ, ਹੋਰ ਕਿਸਮ ਦੇ ਲੋਨ ਉਤਪਾਦ ਜੋ ਨਿਯਮਿਤ ਨਹੀਂ ਹੁੰਦੇ ਜਿਵੇਂ ਕਿ ਪਾਰੰਪਰਿਕ ਲੋਨ ਉਤਪਾਦ ਜਿਸ ਵਿੱਚ ਔਨਲਾਈਨ ਮਾਰਕੀਟਪਲੇਸ ਲੋਨ, ਪੇਮੇਂਟ ਵੇਂਡਰ ਲੋਨ, ਮਰਚੈਂਟ ਕੈਸ਼ ਐਡਵਾਂਸ ਅਤੇ ਹੋਰ ਕਿਸਮਾਂ ਦੇ ਛੋਟੀ ਮਿਆਦ ਦੀ ਫਾਇਨੇਨਸਿੰਗ ਸ਼ਾਮਲ ਹੁੰਦੀ ਹੈ। ਇਸ ਪ੍ਰਕਿਰਿਆ ਵਿੱਚ ਲੋਨ ਬ੍ਰੋਕਰਾਂ ਦੀ ਭੂਮਿਕਾ ਨੂੰ ਸਮਝਣਾ ਵੀ ਮਹੱਤਵਪੂਰਨ ਹੈ। ਲੋਨ ਬ੍ਰੋਕਰ ਕੋਈ ਰਿਣਦਾਤਾ ਨਹੀਂ ਹੁੰਦੇ ਹਨ - ਉਹ ਸਿਰਫ਼ ਤੀਜੀ ਪਾਰਟੀ ਵਜੋਂ ਕੰਮ ਕਰਦੇ ਹਨ ਜੋ ਤੁਹਾਡੇ ਕਾਰੋਬਾਰ ਨੂੰ ਫੰਡ ਦੇਣ ਲਈ ਕਿਸੀ ਰਿਣਦਾਤਾ ਨੂੰ "ਦੁਕਾਨ" ਦੇ ਤੌਰ ਤੇ ਪੇਸ਼ ਕਰਦੇ ਹਨ।

ਜੇਕਰ ਤੁਹਾਡਾ ਛੋਟਾ ਕਾਰੋਬਾਰ ਕੋਵਿਡ-19 ਦੁਆਰਾ ਪ੍ਰਭਾਵਤ ਹੋਇਆ ਹੈ ਅਤੇ ਤੁਸੀਂ ਫਾਇਨੇਨਸਿੰਗ ਦੀ ਭਾਲ ਕਰ ਰਹੇ ਹੋ, ਤਾਂ ਤੁਹਾਨੂੰ ਲੈਂਡਿੰਗ ਪ੍ਰਕਿਰਿਆ ਨੂੰ ਨੈਵੀਗੇਟ ਕਰਨ ਅਤੇ ਅਨੈਤਿਕ ਰਿਣਦਾਤਾਵਾਂ ਤੋਂ ਬਚਣ ਵਿੱਚ ਮਦਦ ਕਰਨ ਲਈ ਹੇਠਾਂ ਕੁਝ ਮਹੱਤਵਪੂਰਨ ਸੁਝਾਅ ਅਤੇ ਸਰੋਤ ਦਿੱਤੇ ਗਏ ਹਨ।

### ਜੇਕਰ ਯੂ.ਐਸ. ਸਮਾਲ ਬਿਜਨੇਸ ਐਡਮਿਨਿਸਟ੍ਰੇਸ਼ਨ (ਐਸਬੀਏ) ਦੇ ਰਾਹੀਂ ਪੂੰਜੀ ਦੀ ਭਾਲ ਕਰ ਰਹੇ ਹੋ

- ਸਾਰੇ ਇਕੋਨਮਿਕ ਇੰਜਰੀ ਡਿਜਾਸਟਰ ਲੋਨ(ਈਆਈਡੀਐਲ) ਐਸਬੀਏ ਦੇ ਰਾਹੀਂ ਵੰਡੇ ਜਾਂਦੇ ਹਨ; ਕਿਸੇ ਹੋਰ ਰਿਣਦਾਤਾ ਨੂੰ ਇਹ ਕਰਨ ਦੀ ਅਨੁਮਤੀ ਨਹੀਂ ਹੈ। ਤੁਹਾਨੂੰ ਐਸਬੀਏ ਈਆਈਡੀਐਲ ਲੋਨ ਦੀ ਪੇਸ਼ਕਸ਼ ਦਾ ਦਾਵਾ ਕਰਨ ਵਾਲੇ ਕਿਸੇ ਹੀ ਹੋਰ ਰਿਣਦਾਤਾ ਤੋਂ ਬਚੋ।
- ਐਸਬੀਏ ਤੁਹਾਡੇ ਕੋਲ 7(a), ਪੀਪੀਪੀ ਜਾਂ ਈਆਈਡੀਐਲ ਲੋਨ ਜਾਂ ਅਨੁਦਾਨ ਲਈ ਨਹੀਂ ਪਹੁੰਚੇਗਾ। ਜੇਕਰ ਤੁਹਾਡੇ ਕੋਲ ਕੋਈ ਵਿਅਕਤੀ ਐਸਬੀਏ ਤੋਂ ਹੋਣ ਦਾ ਦਾਅਵਾ ਕਰਦੇ ਹੋਏ ਸੰਪਰਕ ਕਰਦਾ ਹੈ, ਤਾਂ ਇਸ ਵਿੱਚ ਧੋਖਾਧੜੀ ਹੋਣ ਦਾ ਸ਼ੱਕ ਹੈ।
- ਜੇਕਰ ਤੁਹਾਡੇ ਕੋਲ ਕੋਈ ਵਿਅਕਤੀ ਐਸਬੀਏ ਲੋਨ ਦੀ ਪ੍ਰਵਾਨਗੀ ਦਿਵਾਉਣ ਦਾ ਵਾਅਦਾ ਕਰਦਾ ਹੈ, ਪਰ ਇਸ ਵਾਸਤੇ ਕੋਈ ਭੁਗਤਾਨ ਕਰਨ ਦੀ ਜ਼ਰੂਰਤ ਪੈਂਦੀ ਹੈ ਜਾਂ ਅੰਤਰਿਮ ਵਿੱਚ ਉੱਚ ਵਿਆਜ ਬ੍ਰਿਜ ਲੋਨ ਦੀ ਪੇਸ਼ਕਸ਼ ਕਰਦਾ ਹੈ, ਤਾਂ ਇਸ ਵਿੱਚ ਧੋਖਾਧੜੀ ਹੋਣ ਦਾ ਸ਼ੱਕ ਹੈ। ਪ
- ਪੇਰੋਲ ਪਰੋਟੈਕਸ਼ਨ ਪ੍ਰੋਗਰਾਮ ਲੋਨ ਸਵੀਕ੍ਰਤ 7(a), ਰਿਣਦਾਤਾਵਾਂ ਦੁਆਰਾ ਪੇਸ਼ ਕੀਤੇ ਜਾਣਗੇ। ਐਸਬੀਏ ਪੀਪੀਪੀ ਲੋਨ ਦੇਣ ਦੇ ਯੋਗ ਸਵੀਕ੍ਰਤ ਰਿਣਦਾਤਾਵਾਂ ਦੀ ਸੰਖਿਆ ਵਧਾ ਰਿਹਾ ਹੈ। ਜੇਕਰ ਕਿਸੇ ਰਿਣਦਾਤਾ ਦੀ ਯੋਗਤਾ ਬਾਰੇ ਸ਼ੱਕ ਹੋਵੇ, ਤਾਂ ਆਪਣੇ ਸਥਾਨਕ ਐਸਬੀਏ ਜ਼ਿਲ੍ਹਾ ਦਫ਼ਤਰ ਨਾਲ ਸੰਪਰਕ ਕਰੋ।
- ਪੀਪੀਪੀ ਜਾਂ ਈਆਈਡੀਐਲ ਲੋਨ ਲਈ ਅਪਲਾਈ ਕਰਨ ਜਾਂ ਬੰਦ ਕਰਨ ਵਾਸਤੇ ਕੋਈ ਫੀਸ ਨਹੀਂ ਹੋਣੀ ਚਾਹੀਦੀ ਹੈ। ਰਿਣਦਾਤਾਵਾਂ ਨੂੰ ਸਰਕਾਰ ਦੁਆਰਾ ਉਨ੍ਹਾਂ ਦੀ ਫੀਸ ਦਾ ਭੁਗਤਾਨ ਕੀਤਾ ਜਾਵੇਗਾ।
- ਜੇਕਰ ਤੁਸੀਂ ਐਸਬੀਏ ਲੋਨ ਲਈ ਅਪਲਾਈ ਕਰਨ ਦੀ ਪ੍ਰਕਿਰਿਆ ਵਿੱਚ ਹੋ ਅਤੇ ਤੁਹਾਨੂੰ ਨਿੱਜੀ ਤੌਰ 'ਤੇ ਪਛਾਣ ਕਰਨ ਵਾਲੀ ਜਾਣਕਾਰੀ ਬਾਰੇ ਪੁੱਛਦੇ ਹੋਏ ਕੋਈ ਈਮੇਲ ਪੱਤਰ ਪ੍ਰਾਪਤ ਹੁੰਦਾ ਹੈ, ਤਾਂ ਇਹ ਯਕੀਨੀ ਬਣਾਓ ਕਿ ਹਵਾਲਾ ਦਿੱਤਾ ਗਿਆ ਅਪਲਿਕੇਸ਼ਨ ਨੰਬਰ ਅਤੇ ਅਸਲ ਅਪਲਿਕੇਸ਼ਨ ਨੰਬਰ ਦੋਨਾਂ ਸਮਾਨ ਹਨ।

**ਹੋਰ ਜਾਣਕਾਰੀ:** https://www.sba.gov/document/report--sba-programs-scams-fraud-alerts

**ਜੇਕਰ ਤੁਹਾਡੇ ਕੋਲ ਫਾਇਨੇਨਸਿੰਗ ਬਾਰੇ ਛੋਟੇ ਕਾਰੋਬਾਰ ਦੀ ਕੋਈ ਕਹਾਣੀ ਹੈ, ਤਾਂ ਸਮਾਲ ਬਿਜਨੇਸ ਮੇਜੋਰਟੀ (ਛੋਟੇ ਕਾਰੋਬਾਰ ਦੀ ਬਹੁਗਿਣਤੀ) ਨੂੰ ਜਾਣਨ ਦਿਓ!** ਸਾਡੇ ਸਰਵੇਖਣ ਲਈ ਇੱਥੇ ਜਾਓ: https://www.surveymonkey.com/r/5F2VKFG (ਕੇਵਲ ਅੰਗ੍ਰੇਜ਼ੀ)

## ਪੂੰਜੀ ਦੇ ਹੋਰ ਸਰੋਤਾਂ ਦੀ ਭਾਲ ਕਰਦੇ ਸਮੇਂ

ਫਾਇਨੇਨਸਿੰਗ ਲਈ ਅਪਲਾਈ ਕਰਨ ਤੋਂ ਪਹਿਲਾਂ, ਇਹ ਜ਼ਰੂਰੀ ਹੈ ਕਿ ਤੁਸੀਂ ਕਿਸੇ ਵੀ ਰਿਣਦਾਤਾ ਜਾਂ ਬ੍ਰੋਕਰ ਤੋਂ ਸਹੀ ਤਰ੍ਹਾਂ ਦੇ ਪ੍ਰਸ਼ਨ ਪੁੱਛੋ। ਲੋਨ ਪ੍ਰਕਿਰਿਆ ਦੇ ਦੌਰਾਨ ਤੁਹਾਨੂੰ ਗਾਇਡ ਕਰਨ ਵਾਸਤੇ ਹੇਠਾਂ ਇੱਕ ਚੈਕਲਿਸਟ ਦਿੱਤੀ ਗਈ ਹੈ। ਹੋਰ ਸੁਝਾਵਾਂ ਅਤੇ ਮਾਰਗਦਰਸ਼ਨ ਲਈ, Venturize.org ਤੇ ਸਾਡੇ ਸਰੋਤ ਪੋਰਟਲ ਨੂੰ ਵੇਖੋ।

**ਚੈਕਲਿਸਟ**

- ❑ ਸਾਲਾਨਾ ਵਿਆਜ ਦਰ ਜਾਂ ਏਪੀਆਰ ਕੀ ਹੈ? ਜੇਕਰ ਤੁਹਾਨੂੰ ਕੋਈ ਸਿੱਧਾ ਜਵਾਬ ਨਹੀਂ ਮਿਲਦਾ ਹੈ ਤਾਂ ਇਸ ਗੱਲ ਨੂੰ ਨੋਟ ਕਰੋ। ਆਪਣੇ ਲੋਨ ਦੀ ਸਾਲਾਨਾ ਵਿਆਜ ਦਰ ਨੂੰ ਜਾਣਨ ਨਾਲ ਤੁਸੀਂ ਇਸਦੀ ਤੁਲਨਾ ਆਪਣੇ ਹੋਰ ਵਿਕਲਪਾਂ ਨਾਲ ਕਰ ਸਕੋਗੇ।
- ❑ ਸਾਰੀਆਂ ਫੀਸਾਂ ਕਿੰਨੀ ਹਨ? ਕੀ ਹਵਾਲਾ ਦਿੱਤੀ ਗਈ ਵਿਆਜ ਦਰ ਵਿੱਚ ਇਹ ਸ਼ਾਮਲ ਹਨ? ਭੁਗਤਾਨ ਦੀ ਰਕਮ ਅਤੇ ਉਸਦੀ ਬਾਰੰਬਾਰਤਾ ਕੀ ਹੈ?
- ❑ ਲੋਨ ਦੀ ਪੂਰੀ ਲਾਗਤ ਇਸਦੇ ਜੀਵਨ ਕਾਲ ਵਿੱਚ ਕਿੰਨੀ ਹੈ?
- ❑ ਜੇਕਰ ਮੈਂ ਪ੍ਰੀਪੇ (ਪਹਿਲਾਂ ਅਦਾਇਗੀ) ਕਰਦਾ ਹਾਂ, ਤਾਂ ਕੀ ਮੈਨੂੰ ਉਧਾਰ ਕੀਤੇ ਮੂਲਧਨ ਤੋਂ ਇਲਾਵਾ ਕੁਝ ਹੋਰ ਵਾਪਸ ਕਰਨਾ ਹੋਵੇਗਾ? ਜੇਕਰ ਹਾਂ, ਤਾਂ ਪ੍ਰੀਪੇਮੇਂਟ ਦੀ ਲਾਗਤ ਕਿੰਨੀ ਹੋਵੇਗੀ? ਕੁਝ ਰਿਣਦਾਤਾ ਫਾਇਨੇਨਸਿੰਗ ਸ਼ੁਲਕ ਲਗਾ ਸਕਦੇ ਹਨ ਭਾਵੇਂ ਤੁਸੀਂ ਆਪਣਾ ਲੋਨ ਜਲਦੀ ਹੀ ਕਿਉਂ ਨਾ ਅਦਾ ਕਰ ਦਿਓ। ਹਾਲਾਂਕਿ ਇਹ ਇੱਕ ਲਾਗਤ ਹੈ, ਤੇ ਉਹ ਇਸਨੂੰ "ਪ੍ਰੀਪੇਮੇਂਟ ਛੂਟ" ਦੇ ਤੌਰ ਤੇ ਵਰਣਿਤ ਕਰ ਸਕਦੇ ਹਨ।
- ❑ ਜੇਕਰ ਮੈਂ ਭਵਿੱਖ ਵਿੱਚ ਤੁਹਾਡੇ ਕੋਲ ਦੂਜਾ ਲੋਨ ਲੈਂਦਾ ਹਾਂ, ਤਾਂ ਕੀ ਮੈਂ "ਡਬਲ ਡਿਪਡ" ਹੋ ਜਾਵਾਂਗਾ? ਭਾਵ, ਕੀ ਮੈਨੂੰ ਆਪਣੇ ਪਿਛਲੇ ਲੋਨ ਦੇ ਮੌਜੂਦਾ ਮੂਲਧਨ ਤੇ ਕੋਈ ਫਾਇਨੇਨਸਿੰਗ ਸ਼ੁਲਕ ਅਦਾ ਕਰਨਾ ਹੋਵੇਗਾ?
- ❑ ਕੀ ਮੇਰੇ ਲੋਨ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨ ਲਈ ਮੇਰੇ ਤੇ ਕੋਈ ਛੋਟੀ ਜਿਹੀ ਸਮਾਂ ਸੀਮਾ ਲਗਾਈ ਜਾਵੇਗੀ? ਤੁਹਾਡੇ ਉੱਤੇ ਮਨਮਾਨੀ ਨਾਲ ਕਿਸੀ ਜਲਦੀ ਸਮੇਂ ਸੀਮਾ ਵਾਲੇ ਲੋਨ ਨੂੰ ਸਵੀਕਾਰ ਕਰਨ ਲਈ ਦਬਾਅ ਨਹੀਂ ਪਾਇਆ ਜਾਣਾ ਚਾਹੀਦਾ ਹੈ।
- ❑ ਕੀ ਤੁਸੀਂ ਮੇਰੇ ਲੋਨ ਰਿਪੇਮੇਂਟ (ਮੁੜ ਅਦਾਇਗੀ) ਦੀ ਜਾਣਕਾਰੀ ਦੀ ਰਿਪੋਰਟ ਪ੍ਰਮੁੱਖ ਕ੍ਰੈਡਿਟ ਬਿਊਰੋ ਨੂੰ ਕਰੋਗੇ ਤਾਂ ਜੋ ਮੈਂ ਆਪਣਾ ਬਿਜਨੇਸ ਕ੍ਰੈਡਿਟ ਬਣਾ ਸਕਾਂ? ਕੀ ਤੁਸੀਂ ਸਕਾਰਾਤਮਕ ਦੇ ਨਾਲ-ਨਾਲ ਨਕਾਰਾਤਮਕ ਜਾਣਕਾਰੀ ਦੀ ਵੀ ਰਿਪੋਰਟ ਕਰੋਗੇ? ਜੇਕਰ ਮੈਂ ਰਿਪੇ (ਮੁੜ ਅਦਾਇਗੀ) ਕਰਨ ਵਿੱਚ ਅਸਮਰੱਥ ਹਾਂ, ਤੁਸੀਂ ਕਿਸ ਤਰ੍ਹਾਂ ਲੋਨ ਨੂੰ ਇਕੱਤਰ ਕਰਨ ਦੀ ਕੋਸ਼ਿਸ਼ ਕਰੋਗੇ?
- ❑ ਜੇ ਕਿਸੇ ਬ੍ਰੋਕਰ ਨਾਲ ਕੰਮ ਕਰ ਰਹੇ ਹੋ, ਤਾਂ ਪੁੱਛੋ:
    - ❑ ਤੁਸੀਂ ਮੈਨੂੰ ਜੋ ਹਰ ਵਿਕਲਪ ਪੇਸ਼ ਕਰ ਰਹੇ ਹੋ ਉਹਨਾਂ ਦੀ ਸਾਲਾਨਾ ਵਿਆਜ ਦਰ ਜਾਂ ਏਪੀਆਰ ਕਿੰਨੀ ਹੈ?
    - ❑ ਮੇਰੇ ਦੁਆਰਾ ਜਾਂ ਰਿਣਦਾਤਾ ਦੁਆਰਾ ਹਰੇਕ ਵਿਕਲਪ ਲਈ ਤੁਹਾਨੂੰ (ਬ੍ਰੋਕਰ ਨੂੰ) ਕੀ ਭੁਗਤਾਨ ਕੀਤਾ ਜਾਵੇਗਾ? ਜੇਕਰ ਮੈਂ ਕੁਝ ਲੋਨ ਲੈਂਦਾ ਹਾਂ ਤਾਂ ਕੀ ਤੁਸੀਂ ਹੋਰ ਲਾਭ ਕਮਾਉਂਦੇ ਹੋ?
    - ❑ ਕੀ ਮੈਂ ਸੰਪੂਰਨ ਸਾਰ ਵੇਖ ਸਕਦਾ ਹਾਂ ਕਿ ਤੁਹਾਡੇ ਨਾਲ ਕੰਮ ਕਰਨ ਵਾਲੇ ਲੋਨ ਲੈਣ ਵਾਲੇ ਕਿਸ ਤਰ੍ਹਾਂ ਦੇ ਹਨ? ਔਸਤ ਵਿਆਜ ਦਰ ਕਿੰਨੀ ਹੈ? ਕਿੰਨੇ ਕੁ ਬੈਂਕ ਲੋਨ, ਮਿਡੀਅਮ-ਟਰਮ ਔਨਲਾਈਨ ਲੋਨ, ਜਾਂ ਮਰਚੈਂਟ ਕੈਸ਼ ਐਡਵਾਂਸ ਜਾਂ ਸ਼ੋਰਟ-ਟਰਮ ਲੋਨ ਲੈਂਦੇ ਹਨ?

**ਅਸੀਂ ਤੁਹਾਨੂੰ ਸਮਾਲ ਬਿਜਨੇਸ ਬੋਰੋਵਰ ਦੇ ਅਧਿਕਾਰਾਂ ਦੇ ਬਿੱਲ ਤੋਂ ਜਾਣੂ ਹੋਣ ਲਈ ਉਤਸ਼ਾਹਿਤ ਕਰਦੇ ਹਾਂ, ਜੋ ਕਿ ਸਾਡੇ ਜ਼ਿੰਮੇਵਾਰ ਬਿਜਨੇਸ ਉਧਾਰ ਦੇਣ ਵਾਲੇ ਗੱਠਜੋੜ ਦੇ ਹਿੱਸੇ ਵਜੋਂ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ।** ਇਹ ਬੁਨਿਆਦੀ ਫਾਇਨੇਨਸਿੰਗ ਅਧਿਕਾਰ ਹਨ ਜਿਸ ਬਾਰੇ ਸਾਡਾ ਮੰਨਣਾ ਹੈ ਕਿ ਸਾਰੇ ਛੋਟੇ ਕਾਰੋਬਾਰਾਂ ਇਸਦੇ ਹੱਕਦਾਰ ਹਨ - ਇਹ ਉਹ ਅਧਿਕਾਰ ਹਨ, ਜੋ ਜ਼ਿਆਦਾਤਰ ਮਾਮਲਿਆਂ ਵਿੱਚ, ਅਜੇ ਤੱਕ ਕਾਨੂੰਨ ਦੁਆਰਾ ਸੁਰੱਖਿਅਤ ਨਹੀਂ ਹਨ। ਉਹ ਹੇਠਾਂ ਅਨੁਸਾਰ ਹਨ:

- ਪਾਰਦਰਸ਼ੀ ਕੀਮਤ ਅਤੇ ਸ਼ਰਤਾਂ ਦਾ ਅਧਿਕਾਰ
- ਗ਼ੈਰ-ਦੁਰਵਰਤੋਂ ਵਾਲੇ ਉਤਪਾਦਾਂ ਦਾ ਅਧਿਕਾਰ
- ਜ਼ਿੰਮੇਵਾਰ ਅੰਡਰਰਾਇਟਿੰਗ ਦਾ ਅਧਿਕਾਰ
- ਬ੍ਰੋਕਰ ਦੁਆਰਾ ਉਚਿਤ ਵਿਹਾਰ ਦਾ ਅਧਿਕਾਰ
- ਸਮਾਵੇਸ਼ੀ ਕ੍ਰੈਡਿਟ ਪਹੁੰਚ ਦਾ ਅਧਿਕਾਰ
- ਉੱਚਿਤ ਇਕੱਤਰਤਾ ਵਰਤਾਰੇ ਦਾ ਅਧਿਕਾਰ

**ਹੋਰ ਜਾਣੋ:** http://www.borrowersbillofrights.org/bill-of-rights.html

NATIONAL CAPACD

ਇਸ ਦਸਤਾਵੇਜ਼ ਦਾ ਅਨੁਵਾਦ ਨੈਸ਼ਨਲ ਕੋਲਿਸ਼ਨ ਫਾੱਰ ਏਸ਼ਿਅਨ ਪੈਸਿਫਿਕ ਅਮੇਰਿਕਨ ਕਮਯੂਨਿਟੀ ਡਿਵੈਲਪਮੈਂਟ www.nationalcapacd.org ਦੀ ਭਾਗੀਦਾਰੀ ਨਾਲ ਈਵਿੰਗ ਮੈਰੀਓਨ ਕਾਫਮੈਨ ਫਾਉਂਡੇਸ਼ਨ ਦੇ ਅਨੁਦਾਨ ਰਾਹੀਂ ਕੀਤਾ ਗਿਆ ਸੀ।